Vigilance Bureau Punjab

**VB arrests owners of Mittal Traders for misappropriating panchayat funds amounting to Rs. 82 lakh**

(VB books three Panchayat officials, Sarpanch for embezzlement)

Chandigarh April 12 : Punjab Vigilance Bureau today arrested Surinderpal Mittal and his son Vineet Mittal proprietors of Mittal Traders Sangrur for misappropriating funds of Gram Panchayat Jheorheri, SAS Nagar district to the tune of Rs. 82 lakh in lieu of supplying 2,474 reinforced concrete (RCC) benches in connivance with department officials.

Disclosing this here today a spokesperson of vigilance bureau said in this regard FIR No. 2 dated 20-2-2018 had already been registered against Surinderpal Mittal, Vineet Mittal, Jeetpal Mittal of Mittal Traders along with BDPO Jatinder Singh Dhillon, Panchayat Secretary Ravinder Singh, Gram Sarpanch Gurpal Singh and DDPO Gurwinder Singh u/s 409, 420, 465, 467, 471, 120-B of IPC and 13 (1) (d), 13 (2) of Prevention of Corruption Act at VB police station SAS Nagar. Further investigations in this case were under progress and the accused to be produced in the special court tomorrow.

Revealing the facts he added that the above mentioned panchayats officials have issued ordered to the controversial firm for supply of 2474 RCC benches at a cost of Rs. 82 lakh in January 3, 2017 but these benches were not supplied to the village panchayats and all the accused including Mittals have misappropriated funds in connivance with each other. "The accused panchayat officials have issued two cheques amounting to Rs. 41 lakh each from the account of gram panchayat Jheorheri to the Mittal Traders on January 3, 2017 but both the bills were submitted on January 24 and January 25, 2017 to the panchayat", he added.

The spokesperson further informed that the gram panchayat and concerned officials have omitted the necessary procedure to float tenders to procure huge quantity of benches but they called quotations for the same from private firms. The Mittal Traders submitted their quotation to the panchayat along with two others firms – TR Traders Sangrur and Quality Sports and Stationary Stores Sangrur on January 20, 2017 but all the owners of these three firms were related to each other. During investigations it was found that Mittal Traders and other firms have no unit or experience to manufacture RCC benches but the officials called quotations from the accused firms based at Sangrur city.

He added that it was also noticed that the accused officials have not prescribed any specifications and quality for the controversial procurement. Even no prior permission was obtained from the appropriate authority for the same. In addition to this no demand was sought from the concerned village panchayats under the Block Panchayat Samiti Kharar to supply them such benches. "The accused officials have not entered these benches in the stock register of Samiti and no record was found to issues such benches to the concerned panchayats", he pointed out.

–––––––––––––––––

ਵਿਜੀਲੈਂਸ ਬਿਓਰੋ ਪੰਜਾਬ

## ਵਿਜੀਲੈਂਸ ਵਲੋਂ ਆਰ.ਸੀ.ਸੀ ਬੈਂਚਾਂ ਦੀ ਖਰੀਦ ਮਾਮਲੇ ਵਿਚ 82 ਲੱਖ ਰੁਪਏ ਦਾ ਚੂਨਾ ਲਾਉਣ ਵਾਲੀ ਫਰਮ ਮਿੱਤਲ ਟ੍ਰੇਡਰਜ਼ ਦੇ ਮਾਲਕ ਗ੍ਰਿਫਤਾਰ

(ਗਰਾਮ ਪੰਚਾਇਤ ਝਿਊਰਹੇੜੀ ਵੱਲੋਂ 82 ਲੱਖ ਰੁਪਏ ਦੀ ਲਾਗਤ ਨਾਲ ਆਰ ਸੀ.ਸੀ. ਬੈਂਚਾਂ ਦੀ ਕੀਤੀ ਗਈ ਸੀ ਖਰੀਦ )

ਚੰਡੀਗੜ੍ਹ 12 ਅਪ੍ਰੈਲ:

ਵਿਜੀਲੈਂਸ ਬਿਓਰੋ ਵਲੋਂ ਅੱਜ ਆਰ.ਸੀ.ਸੀ ਬੈਂਚਾਂ ਦੀ ਖਰੀਦ ਮਾਮਲੇ ਵਿਚ 82 ਲੱਖ ਰੁਪਏ ਦਾ ਚੂਨਾ ਲਾਉਣ ਵਾਲੀ ਫਰਮ ਮਿੱਤਲ ਟ੍ਰੇਡਰਜ਼ ਦੇ ਮਾਲਕ ਨੂੰ ਗ੍ਰਿਫਤਾਰ ਕਰ ਲਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਗਰਾਮ ਪੰਚਾਇਤ ਝਿਊਰਹੇੜੀ ਵੱਲੋਂ ਮਿੱਤਲ ਟਰੇਡਜ ਸੰਗਰੂਰ ਨਾਮ ਦੀ ਫਰਮ ਤੋਂ 82 ਲੱਖ ਰੁਪਏ ਦੀ ਲਾਗਤ ਨਾਲ ਆਰ ਸੀ.ਸੀ. ਬੈਂਚਾਂ ਦੀ ਖਰੀਦ ਕੀਤੀ ਗਈ, ਪਰ ਇਸ ਦੇ ਇਵਜ਼ ਵਿੱਚ ਆਰ ਬੈਂਚਾਂ ਦੀ ਸਪਲਾਈ ਨਹੀ ਕੀਤੀ ਗਈ ਅਤੇ ਇਹ ਸਾਰੀ ਰਕਮ ਇਸ ਫਰਮ ਵੱਲੋਂ ਗੁਰਪਾਲ ਸਿੰਘ ਸਰਪੰਚ, ਰਵਿੰਦਰ ਸਿੰਘ ਪੇਂਡੂ ਵਿਕਾਸ ਅਫਸਰ ਕਮ ਪੰਚਾਇਤ ਸਕੱਤਰ ਅਤੇ ਸ੍ਰੀ ਜਤਿੰਦਰ ਸਿੰਘ ਢਿੱਲੋਂ ਬੀ ਕਮ-ਕਾਰਜ ਸਾਧਕ ਅਫਸਰ ਖਰੜ ਨਾਲ ਮਿਲੀਭੁਗਤ ਕਰਕੇ ਹੜੱਪ ਕਰ ਲਈ ਗਈ।

ਬੁਲਾਰੇ ਨੇ ਦੱਸਿਆ ਕਿ ਮਿੱਤਲ ਟਰੇਡਜ ਵੱਲੋਂ ਇਨ੍ਹਾਂ ਬੈਂਚਾਂ ਖਰੀਦ ਸਬੰਧੀ ਬਿੱਲ ਗਰਾਮ ਪੰਚਾਇਤ ਝਿਊਰਹੇੜੀ ਦੇ ਨਾਮ ਤੇ ਜਾਰੀ ਕੀਤੇ ਗਏ ਸਨ, ਜਿਸ ਮੁਤਾਬਕ ਕੁੱਲ 2474 ਆਰ ਬੈਂਚ ਸਪਲਾਈ ਕੀਤੇ ਜਾਣੇ ਸਨ। ਇਨ੍ਹਾਂ ਬੈਂਚਾਂ ਦੀ ਖਰੀਦ ਕਰਨ ਸਬੰਧੀ ਮਿੱਤਲ ਟਰੇਡਜ ਤੋਂ ਇਲਾਵਾ ਦੋ ਹੋਰ ਫਰਮਾਂ ਤੋ ਕੁਟੇਸ਼ਨਾ ਪ੍ਰਾਪਤ ਕਰਕੇ ਵਿਖਾਈਆਂ ਗਈਆਂ ਅਤੇ ਇਹ ਤਿੰਨੋ ਫਰਮਾਂ ਵਾਲੇ ਆਪਸ ਵਿੱਚ ਨਜਦੀਕੀ ਰਿਸਤੇਦਾਰ ਹਨ। ਉਕਤ 82 ਲੱਖ ਰੁਪਏ ਦੀ ਰਕਮ ਬੈਂਕ ਸਟੇਟਮੈਂਟ ਮੁਤਾਬਕ ਮਿੱਤਲ ਟਰੇਡਜ ਫਰਮ ਦੇ ਖਾਤੇ ਵਿੱਚ ਮਿਤੀ 03-01-2017 ਨੂੰ ਡਰਾਅ ਹੋਣੀ ਪਾਈ ਗਈ, ਜਦੋਂ ਕਿ ਆਰ ਬੈਂਚਾਂ ਦੀ ਖਰੀਦ ਸਬੰਧੀ ਕੁਟੇਸ਼ਨਾਂ ਮਿਤੀ 20-01-2017 ਨੂੰ ਹਾਸਲ ਕੀਤੀਆਂ ਜਾਣੀਆਂ ਵਿਖਾਈਆਂ ਗਈਆਂ ਹਨ ਅਤੇ ਕੈਸ਼ ਬੁੱਕ ਵਿੱਚ ਇਸ ਫਰਮ ਨੂੰ ਰਕਮ ਜਾਰੀ ਕਰਨ ਦੀ ਮਿਤੀ 20-01-2017 ਵਿਖਾਈ ਗਈ ਹੈ।

ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਦੀ ਪੜਤਾਲ ਤੋਂ ਇਹ ਵੀ ਗੱਲ ਸਾਹਮਣੇ ਆਈ ਹੈ ਕਿ ਮਿੱਤਲ ਟਰੇਡਜ਼ ਸੰਗਰੂਰ ਕੋਲੇ ਆਰ ਬੈੱਚ ਤਿਆਰ ਕਰਨ ਬਾਰੇ ਕੋਈ ਆਪਣਾ ਯੂਨਿਟ/ਫੈਕਟਰੀ ਨਹੀਂ ਹੈ ਪਰ ਫਰਮ ਨਾਲ ਮਿਲੀਭੁਗਤ ਹੋਣ ਕਰਕੇ ਇਹ ਆਰ ਬੈਂਚ ਸੰਗਰੂਰ ਤੋਂ ਖਰੀਦਣ ਦਾ ਫੈਸਲਾ ਕੀਤਾ ਗਿਆ ਅਤੇ ਕੁਟੇਸ਼ਨਾਂ ਵੀ ਸੰਗਰੂਰ ਤੋਂ ਹਾਸਲ ਕੀਤੀਆਂ ਗਈਆ। ਜਦਕਿ ਇਨ੍ਹਾਂ ਬੈਂਚਾਂ ਦੀ ਖਰੀਦ ਟੈਂਡਰ ਪ੍ਰਕਿਰਿਆ ਰਾਹੀਂ ਕਰਨ ਦੀ ਬਜਾਏ ਕੁਟੇਸ਼ਨਾਂ ਦੇ ਅਧਾਰ ਤੇ ਕੀਤੀ ਗਈ ਹੈ। ਇਨ੍ਹਾਂ ਬੈਂਚਾਂ ਦੀ ਖਰੀਦ ਕਰਨ ਤੋਂ ਪਹਿਲਾਂ, ਬੈਂਚਾਂ ਦੀ ਕੁਆਲਿਟੀ ਸਬੰਧੀ ਕੋਈ ਸਪੈਸੀਫਿਕੇਸ਼ਨ ਨਿਰਧਾਰਤ ਨਹੀ ਕੀਤੀ ਗਈ ਅਤੇ ਨਾ ਹੀ ਹਾਸਲ ਕੀਤੀਆਂ ਗਈਆਂ ਕੁਟੈਸ਼ਨਾ ਵਿੱਚ ਅਜਿਹੀ ਕੋਈ ਸਪੈਸੀਫਿਕੇਸ਼ਨ ਦਰਜ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਨਿਯਮਾਂ ਮੁਤਾਬਕ ਅਜਿਹੀ ਅਦਾਇਗੀ ਕਰਨ ਤੋਂ ਪਹਿਲਾਂ ਪ੍ਰਬੰਧਕੀ ਪ੍ਰਵਾਨਗੀ ਲੈਣੀ ਜਰੂਰੀ ਸੀ। ਜੇਕਰ ਅਜਿਹੇ ਬੈਂਚ ਪੰਚਾਇਤ ਸੰਮਤੀ ਖਰੜ ਵੱਲੋਂ ਪਿੰਡਾਂ ਲਈ ਖਰੀਦ ਕੀਤੇ ਜਾਣੇ ਸਨ ਤਾਂ ਉਸ ਵੱਲੋਂ ਅਜਿਹੀ ਖਰੀਦ ਤੋਂ ਪਹਿਲਾਂ ਬਲਾਕ ਦੇ ਸਾਰੇ ਪਿੰਡਾਂ ਦੀਆਂ ਪੰਚਾਇਤਾਂ ਪਾਸੋਂ ਬੈਂਚਾਂ ਦੀ ਜਰੂਰਤ ਸਬੰਧੀ ਗਰਾਮ ਪੰਚਾਇਤਾਂ ਤੋਂ ਮਤੇ ਪਾਸ ਕਰਵਾ ਕੇ ਡੀਮਾਂਡ ਹਾਸਲ ਕਰਨੀ ਬਣਦੀ ਸੀ ਅਤੇ ਉਸ ਉਪਰੰਤ ਟੈਂਡਰ ਲਗਾ ਕੇ ਖਰੀਦ ਕਰਨੀ ਬਣਦੀ ਸੀ ਅਤੇ ਖਰੀਦ ਕਰਨ ਤੋਂ ਬਾਅਦ ਬੈਂਚਾਂ ਦੀ ਗਿਣਤੀ ਸਬੰਧੀ ਇੰਦਰਾਜ ਸਟਾਕ ਰਜਿਸਟਰ ਵਿੱਚ ਕਰਨਾ ਬਣਦਾ ਸੀ ਅਤੇ

ਸਟਾਕ ਰਜਿਸਟਰ ਵਿੱਚ ਹੀ ਵੱਖ/ਵੱਖ ਪੰਚਾਇਤਾਂ ਨੂੰ ਬੈਂਚ ਜਾਰੀ ਕਰਨੇ ਬਣਦੇ ਸੀ। ਗਰਾਮ ਪੰਚਾਇਤਾਂ ਨੂੰ ਬੈਂਚ ਪ੍ਰਾਪਤ ਹੋਣ ਉਪਰੰਤ ਪੰਚਾਇਤਾਂ ਦੇ ਸਟਾਕ ਰਜਿਸਟਰ ਵਿੱਚ ਵੀ ਇਸ ਦਾ ਇੰਦਰਾਜ ਕਰਨਾ ਬਣਦਾ ਸੀ, ਪਰ ਅਜਿਹਾ ਨਹੀਂ ਕੀਤਾ ਗਿਆ।

ਬੁਲਾਰੇ ਨੇ ਦੱਸਿਆ ਕਿ ਵਿਜੀਲੈਂਸ ਵਿਲੋਂ ਜਤਿੰਦਰ ਸਿੰਘ ਢਿੱਲੋਂ ਬੀ.ਡੀ.ਪੀ.ਓ ਖਰੜ ਹੁਣ ਮੁਅੱਤਲ ਅਤੇ ਗੁਰਪਾਲ ਸਿੰਘ ਸਰਪੰਚ ਪਿੰਡ ਝਿਊਰਹੇੜੀ, ਰਵਿੰਦਰ ਸਿੰਘ ਪੇਂਡੂ ਵਿਕਾਸ ਅਫਸਰ ਕਮ ਪੰਚਾਇਤ ਸਕੱਤਰ ਝਿਊਰਹੇੜੀ ਵੱਲੋਂ ਆਪਣੇ ਆਹੁਦਿਆਂ ਦਾ ਨਜਾਇਜ਼ ਫਾਇਦਾ ਉਠਾ ਕੇ ਅਤੇ ਆਪਣੀਆਂ ਕਾਨੂੰਨੀ ਸ਼ਕਤੀਆਂ ਦਾ ਗਲਤ ਫਾਇਦਾ ਉਠਾ ਕੇ ਮਿੱਤਲ ਟਰੇਡਜ਼ ਫਰਮ ਦੇ ਮਾਲਕਾਂ ਨਾਲ ਮਿਲੀ ਭੁਗਤ ਕਰਕੇ ਰਿਸ਼ਵਤ ਹਾਸਲ ਕਰਕੇ ਆਪਣੇ ਆਪ ਨੂੰ ਨਿੱਜੀ ਫਾਇਦਾ ਪਹੁੰਚਾਉਣ ਲਈ ਸਰਕਾਰ ਨੂੰ 82 ਲੱਖ ਰੁਪਏ ਦਾ ਵਿੱਤੀ ਨੁਕਸਾਨ ਪੰਹੁਚਾਇਆ ਹੈ। ਇਸ ਸਬੰਧੀ ਮਿੱਤਲ ਟ੍ਰੇਡਰਜ਼ ਫਰਮ ਦੇ ਮਾਲਕਾਂ ਸੁਰਿੰਦਰਪਾਲ ਮਿੱਤਲ, ਵੀਨੀਤ ਮਿੱਤਲ ਅਤੇ ਜੀਤਪਾਲ ਮਿੱਤਲ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ ਹੇਠ ਥਾਣਾ ਵਿਜੀਲੈਸ ਬਿਊਰੋ ਮੋਹਾਲੀ ਵਿਖੇ ਕੇਸ ਦਰਜ ਕੀਤਾ ਗਿਆ ਹੈ ਅਤੇ ਇਨ੍ਹਾਂ ਦੋਸ਼ੀਆਂ ਦੀ ਭਾਲ ਵਿੱਚ ਵੱਖ ਵੱਖ ਥਾਵਾਂ ਤੇ ਛਾਪਾਮਾਰੀ ਕੀਤੀ ਗਈ ਅਤੇ ਇਸ ਛਾਪਾਮਾਰੀ ਦੌਰਾਨ ਅੱਜ ਮਿੱਤਲ ਟ੍ਰੇਡਰਜ਼ ਫਰਮ ਸੰਗਰੂਰ ਦੇ ਮਾਲਕ ਸੁਰਿੰਦਰਪਾਲ ਮਿੱਤਲ ਅਤੇ ਉਸ ਦੇ ਲੜਕੇ ਵੀਨੀਤ ਮਿੱਤਲ ਨੂੰ ਸੰਗਰੂਰ ਤੋਂ ਗ੍ਰਿਫਤਾਰ ਕਰ ਲਿਆ ਗਿਆ ਹੈ। ਜਿਨ੍ਹਾਂ ਪਾਸੋਂ ਡੂੰਘਾਈ ਨਾਲ ਪੁੱਛ ਗਿੱਛ ਕੀਤੀ ਜਾ ਰਹੀ ਹੈ, ਪੁੱਛ ਗਿੱਛ ਦੌਰਾਨ ਹੋਰ ਵੱਡੇ ਖੁਲਾਸੇ ਹੋਣ ਦੀ ਉਮੀਦ ਹੈ। ਇਹ ਦੱਸਣਯੋਗ ਹੈ ਕਿ ਇਸ ਕੇਸ ਵਿੱਚ ਬੀ.ਡੀ.ਪੀ.ਓ ਜਤਿੰਦਰ ਸਿੰਘ ਢਿੱਲੋਂ, ਪੰਚਾਇਤ ਸਕੱਤਰ ਰਵਿੰਦਰ ਸਿੰਘ ਅਤੇ ਉਸ ਸਮੇਂ ਦੇ ਡੀ.ਡੀ.ਪੀ.ਓ ਗੁਰਵਿੰਦਰ ਸਿੰਘ ਸਰਾਓ ਪਹਿਲਾਂ ਹੀ ਗ੍ਰਿਫਤਾਰ ਕੀਤੇ ਜਾ ਚੁੱਕੇ ਹਨ।

---------------------